# ਹੜ੍ਹ: ਕੀ ਮੈਂ ਖ਼ਤਰੇ ਵਾਲੇ ਇਲਾਕੇ ਵਿੱਚ ਹਾਂ?
# Flooding: Am I in a Risk Area?

ਕੀ ਤੁਸੀਂ ਹੜ੍ਹ ਦੀ ਸੰਭਾਵਨਾ ਵਾਲੇ ਕਿਸੇ ਨੀਵੇਂ ਇਲਾਕੇ ਵਿੱਚ ਰਹਿੰਦੇ ਹੋ? ਕੀ ਤੁਹਾਨੂੰ ਹੜ੍ਹ ਦੇ ਖ਼ਤਰਿਆਂ ਬਾਰੇ ਕਾਫ਼ੀ ਪਤਾ ਹੈ?

ਸਥਾਨਕ ਹੜ੍ਹਾਂ ਦੀ ਗੰਭੀਰਤਾ, ਅਤੇ ਕੀ ਦਰਿਆਵਾਂ ਦੇ ਕੰਢਿਆਂ 'ਤੇ ਵੱਡਾ ਹੜ੍ਹ ਆਵੇਗਾ ਜਾਂ ਨਹੀਂ ਆਵੇਗਾ, ਇਹ ਬਹੁਤਾ ਕਰਕੇ ਮਈ ਅਤੇ ਜੂਨ ਦੇ ਮਹੀਨਿਆਂ ਵਿੱਚ ਬਰਫ਼ ਪਿਘਲਣ ਦੇ ਸਮੇਂ, ਮੌਸਮ ਦੀ ਹਾਲਤ 'ਤੇ ਨਿਰਭਰ ਕਰਦਾ ਹੈ। ਮੌਸਮ ਇਹ ਫੈਸਲਾ ਕਰਦਾ ਹੈ ਕਿ ਬਰਫ਼ ਕਦੋਂ ਅਤੇ ਕਿੰਨੀ ਤੇਜ਼ੀ ਨਾਲ ਪਿਘਲੇਗੀ। ਅਸਧਾਰਨ ਤੌਰ 'ਤੇ ਜ਼ਿਆਦਾ ਬਰਫ਼ ਦੇ ਭੰਡਾਰ ਕੁਦਰਤਨ ਹੜ੍ਹ ਦੀ ਸੰਭਾਵਨਾ ਵਿੱਚ ਵਾਧਾ ਕਰਦੇ ਹਨ, ਪਰ ਖ਼ਤਰਾ ਕਈ ਚੀਜ਼ਾਂ ਅਤੇ ਹਾਲਤਾਂ ਦੇ ਸੁਮੇਲ ਕਾਰਨ ਹੁੰਦਾ ਹੈ:

- ਭਾਰੀ, ਅਤੇ ਇੱਕ ਥਾਂ ਜ਼ਿਆਦਾ ਬਾਰਸ਼
- ਭਾਰੀ ਬਾਰਸ਼ ਅਤੇ ਨਾਲ ਬਸੰਤ ਰੁੱਤ ਦੀ ਪਿਘਲ ਰਹੀ ਬਰਫ਼ ਨਾਲ ਦਰਿਆਵਾਂ ਅਤੇ ਝੀਲਾਂ ਵਿੱਚ ਪਾਣੀ ਦਾ ਜ਼ਿਆਦਾ ਹੋਣਾ
- ਬਰਫ਼ ਦਾ ਡੱਕੇ ਜਾਣਾ - ਵਗਦੇ ਰੁੱਖ ਬਰਫ਼ ਦੇ ਜਮ੍ਹਾਂ ਹੋਣ ਨਾਲ ਉਪਰ ਪਾਣੀ ਰੁਕਣਾ
- ਸਮੁੰਦਰ ਦੇ ਕੰਢੇ 'ਤੇ, ਤੇਜ਼ ਤੁਫਾਨ ਨਾਲ ਮੌਸਮੀ ਉੱਚੀਆਂ ਲਹਿਰਾਂ ਆਉਣਾ

**ਹੜ੍ਹ ਤੋਂ ਪਹਿਲਾਂ ਨਿੱਜੀ ਖ਼ਤਰੇ ਅਤੇ ਜਾਇਦਾਦ ਨੂੰ ਨੁਕਸਾਨ ਨੂੰ ਘੱਟ ਤੋਂ ਘੱਟ ਕਰਨ ਲਈ ਤੁਸੀਂ ਅੱਜ ਹੀ ਇਹ ਚੀਜ਼ਾਂ ਕਰ ਸਕਦੇ ਹੋ:**

- ਜੇ ਤੁਸੀਂ ਹੜ੍ਹ ਦੇ ਖ਼ਤਰੇ ਵਾਲੇ ਇਲਾਕੇ ਵਿੱਚ ਰਹਿੰਦੇ ਹੋ ਤਾਂ ਇਸ ਬਾਰੇ ਜਾਣੋ
- ਜੇ ਤੁਹਾਡੇ ਇਲਾਕੇ ਵਿੱਚ ਹੜ੍ਹ ਆਉਣ ਦੀ ਸੰਭਾਵਨਾ ਹੈ ਤਾਂ ਸਥਾਨਕ ਮੀਡੀਏ ਵੱਲ ਧਿਆਨ ਦਿਉ ਅਤੇ ਇਹ ਜਾਣੋ ਕਿ ਮੌਸਮ ਦੀ ਹਾਲਤ ਅਤੇ ਹੜ੍ਹ ਦੇ ਖ਼ਤਰੇ ਬਾਰੇ ਤੁਸੀਂ ਤਾਜ਼ੀ ਜਾਣਕਾਰੀ ਕਿੱਥੋਂ ਲੈ ਸਕਦੇ ਹੋ
- ਇਹ ਜਾਣੋ ਕਿ ਘਰ ਛੱਡਣ ਲਈ ਤਿਆਰੀ ਕਿਵੇਂ ਕਰਨੀ ਹੈ
- ਆਪਣੇ ਘਰ ਵਿੱਚ ਕੋਈ ਅਜਿਹੀ ਚੀਜ਼ ਲਿਆਉ ਜਿਹੜੀ ਤਰਦੀ ਰਹਿ ਸਕਦੀ ਹੋਵੇ
- ਪਾਣੀ ਅੰਦਰ ਨਾ ਵੜਨ ਵਾਲੇ ਕਿਸੇ ਡੱਬੇ ਵਿੱਚ ਜ਼ਰੂਰੀ ਪੇਪਰ ਰੱਖੋ ਅਤੇ ਆਪਣੀ ਜਾਇਦਾਦ ਅਤੇ ਕੀਮਤੀ ਚੀਜ਼ਾਂ ਦੀਆਂ ਫੋਟੋ ਖਿੱਚ ਲਵੋ
- ਐਮਰਜੰਸੀ ਸਪਲਾਈ ਵਾਲੀ ਚੁੱਕੋ-ਅਤੇ-ਜਾਉ ਵਾਲੀ ਇੱਕ ਕਿੱਟ ਤਿਆਰ ਕਰੋ ਜਿਹੜੀ ਤੁਸੀਂ ਘਰ ਛੱਡਣ ਵੇਲੇ ਸੌਖਿਆਂ ਹੀ ਆਪਣੇ ਨਾਲ ਲਿਜਾ ਸਕੋ
- ਪਾਲਤੂ ਜਾਨਵਰਾਂ ਅਤੇ ਪਸ਼ੂਆਂ ਲਈ ਵਿਉਂਤਾਂ ਬਣਾਉ

ਇਹ ਗੱਲ ਯਾਦ ਰੱਖੋ ਕਿ ਜੇ ਚੜ੍ਹ ਰਿਹਾ ਪਾਣੀ ਤੁਹਾਡੀ ਸੁਰੱਖਿਆ ਲਈ ਖ਼ਤਰਾ ਬਣ ਜਾਂਦਾ ਹੈ ਤਾਂ ਉਨ੍ਹਾਂ ਅਧਿਕਾਰੀਆਂ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ ਜਿਹੜੇ ਬਚਾਅ ਜਾਂ ਹੜ੍ਹ ਤੋਂ ਰਾਹਤ ਦੇ ਕਾਰਜਾਂ ਵਿੱਚ ਸ਼ਾਮਲ ਹਨ, ਜਿਸ ਵਿੱਚ ਟਰੈਫਿਕ ਨੂੰ ਸੇਧ ਦੇਣ ਵਾਲੇ ਅਧਿਕਾਰੀ ਵੀ ਸ਼ਾਮਲ ਹਨ ਕਿਉਂਕਿ ਪਾਣੀ ਉਸ ਨਾਲੋਂ ਡੂੰਘਾ ਹੋ ਸਕਦਾ ਹੈ ਜਿੰਨਾ ਇਹ ਦਿਖਾਈ ਦੇ ਸਕਦਾ ਹੈ। ਆਫ਼ਤ ਲਈ ਬਣੇ ਰੂਟਾਂ ਵਿੱਚ ਰੁਕਾਵਟ ਨਾ ਪਾਉ।

ਐਮਰਜੰਸੀ ਵਿੱਚ ਨਿੱਜੀ ਤਿਆਰੀ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ www.pep.bc.ca ਵੈੱਬਸਾਈਟ 'ਤੇ ਜਾਉ

*ਸੰਪਰਕ:*